# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ
## (ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ
ਸਮੂਹ ਸਕੂਲ ਮੁੱਖੀ, ਪੰਜਾਬ। (ਵੈਬਸਾਈਟ ਰਾਹੀਂ)

ਮੀਮੋ ਨੰ. 15/54-2019 ਕੋ (1)/2019384538-43
ਮਿਤੀ: 08.11.2019

**ਵਿਸ਼ਾ :-** **ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵਲੋਂ ਪੱਤਰਕਾਰੀ ਕਰਨ ਬਾਰੇ।**

1.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕਈ ਅਧਿਆਪਕ ਅਤੇ ਕਰਮਚਾਰੀ ਵੱਖ ਵੱਖ ਅਖਬਾਰਾਂ ਲਈ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ। ਕੁੱਝ ਕੇਸਾਂ ਸਬੰਧੀ ਸਬੰਧਤ ਸੰਸਥਾ ਦੇ ਮੁੱਖੀ ਵੱਲੋਂ ਆਪਣੇ ਪੱਧਰ ਤੇ ਇਸ ਮੰਤਵ ਲਈ ਆਗਿਆ ਦਿੱਤੀ ਹੋਈ ਹੈ। ਇਸ ਸਬੰਧ ਵਿੱਚ ਆਪਦਾ ਧਿਆਨ ਪੰਜਾਬ ਸਰਕਾਰੀ ਕਰਮਚਾਰੀ ਆਚਰਣ ਨਿਯਮਾਂਵਲੀ, 1966 ਦੇ ਨਿਯਮ 8 ਵੱਲ ਦਿਵਾਇਆ ਜਾਂਦਾ ਹੈ, ਜਿਸ ਦੀ ਇੱਕ ਟੁੱਕ ਤਾਜ਼ਾ ਹਵਾਲੇ ਲਈ ਹੇਠ ਦਿੱਤੀ ਜਾਂਦੀ ਹੈ:-

> "Connection with Press or Radio :- (1) No Government employee shall except with the previous sanction of [ the prescribed authority] own wholly or in part or conduct or participate in the editing or management of, any newspaper or other periodical publication [or in Electronic Media].
> ***[(2) No Government employee shall except with the previous sanction of the Government or the prescribed authority or except in the bonafide discharge of his duties participate in the radio broadcast or contribute an article or write a letter to a newspaper or periodical either in his own name or anonymously or pseudonymously or in the name of any other person.
> Provided that no such sanction shall be required if such contribution, broadcast or writing is of a purely literary, artistic or scientific character.]"

8.11.19

ਉਪਰੋਕਤ ਨਿਯਮਾਂ ਵਿੱਚ ਕੀਤੇ ਗਏ ਉਪਬੰਦਾ ਅਨੁਸਾਰ ਕੋਈ ਵੀ ਸਰਕਾਰੀ ਕਰਮਚਾਰੀ ਨਿਰਧਾਰਤ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਕਿਸੇ ਵੀ ਅਖਬਾਰ ਜਾਂ ਹੋਰ ਸਮੇਂ ਦੇ ਪ੍ਰਕਾਸ਼ਨ (ਜਾਂ ਇਲੈਕਟ੍ਰਾਨਿਕ ਮੀਡੀਆ ਵਿੱਚ) ਦੇ ਸੰਪਾਦਨ ਜਾਂ ਪ੍ਰਬੰਧਨ ਵਿੱਚ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਤੇ ਜਾਂ ਸੰਚਾਲਨ ਵਿੱਚ ਹਿੱਸਾ ਨਹੀਂ ਲੈ ਸਕਦਾ। ਇਸੇ ਤਰਾਂ ਕੋਈ ਵੀ ਸਰਕਾਰੀ ਕਰਮਚਾਰੀ ਨਿਰਧਾਰਤ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਆਪਣੀ ਡਿਊਟੀ ਨਿਭਾਉਣ ਤੋਂ ਇਲਾਵਾ ਰੇਡੀਓ ਪ੍ਰਸਾਰਣ ਵਿੱਚ ਹਿੱਸਾ ਨਹੀਂ ਲੈ ਸਕਦਾ ਜਾਂ ਲੇਖ ਦਾ ਯੋਗਦਾਨ ਨਹੀਂ ਦੇ

ਸਕਦਾ ਜਾਂ ਆਪਣੇ ਜਾਂ ਗੁਮਨਾਮ ਤੌਰ ਤੇ ਜਾਂ ਕਿਸੇ ਹੋਰ ਵਿਅਕਤੀ ਦੇ ਨਾਮ ਤੇ ਕਿਸੇ ਰੇਡੀਓ ਪ੍ਰਸਾਰਣ, ਡੇਲੀ ਨਿਊਜਪੇਪਰ ਜਾਂ ਸਮੇਂ ਸਮੇਂ ਤੇ ਛੱਪਣ ਵਾਲੇ ਪੇਪਰ ਵਿੱਚ ਕਿਸੇ ਕਿਸਮ ਦਾ ਕੋਈ ਆਰਟੀਕਲ ਨਹੀਂ ਪ੍ਰਕਾਸ਼ਤ ਕਰਵਾ ਸਕਦਾ। ਬਸ਼ਰਤੇ ਕਿ ਇਸ ਤਰ੍ਹਾਂ ਦੀ ਕੋਈ ਪ੍ਰਵਾਨਗੀ ਦੀ ਉਸ ਸੂਰਤ ਵਿਚ ਲੋੜ ਨਹੀਂ ਪਵੇਗੀ, ਜਦੋ ਅਜਿਹਾ ਯੋਗਦਾਨ, ਪ੍ਰਸਾਰਣ ਜਾਂ ਲਿਖਤ ਨਿਰੋਲ ਸਾਹਿਤਕ, ਕਲਾਤਮਕ ਜਾਂ ਵਿਗਿਆਨਕ ਚਰਿੱਤਰ ਦੀ ਹੋਵੇ।

ਪਰੰਤੂ ਇਹ ਆਮ ਵੇਖਿਆ ਗਿਆ ਹੈ ਕਿ ਉਪਰੋਕਤ ਨਿਯਮਾਂ ਦੀ ਉਲੰਘਣਾ ਵਿੱਚ ਕੁੱਝ ਕਰਮਚਾਰੀ ਉਘੇ ਅਖਬਾਰਾਂ ਲਈ ਬਤੌਰ ਨਿਯਮਤ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਕੁਝ ਕਰਮਚਾਰੀ ਕਿਤਾਬਾਂ ਲਿੱਖਣ ਜਾਂ ਹੋਰ ਕੋਈ ਪਰਚਾ ਲਿੱਖਣ ਉਪਰੰਤ ਪਬਲਿਸ਼ ਕਰਵਾ ਰਹੇ ਹਨ ਅਤੇ ਇਸ ਮੰਤਵ ਲਈ ਉਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਸਬੰਧਤ ਸੰਸਥਾ ਜਾਂ ਪਬਲਿਸ਼ਰ ਪਾਸੋਂ ਮਿਹਨਤਾਨਾ ਵੀ ਪ੍ਰਾਪਤ ਕਰ ਰਹੇ ਹਨ। ਕਿਸੇ ਕਰਮਚਾਰੀ ਦੇ ਕਿਸੇ ਉਘੇ ਅਖਬਾਰ ਲਈ ਬਤੌਰ ਪੱਤਰਕਾਰ ਵਜੋ ਕੰਮ ਕਰਨ ਦੇ ਨਤੀਜੇ ਵਜੋ ਉਸ ਦੇ ਸਾਥੀ ਕਰਮਚਾਰੀਆਂ ਅਤੇ ਉਪਰਲੇ ਅਧਿਕਾਰੀਆਂ ਨੂੰ ਕਿਸੇ ਨਿੱਜੀ ਮਨੋਰਥ ਲਈ ਬਲੈਕਮੇਲ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਉਪਰੋਕਤ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਕੋਈ ਵੀ ਸਰਕਾਰੀ ਕਰਮਚਾਰੀ ਸਮੇਂ ਸਮੇਂ ਦੇ ਪ੍ਰਕਾਸ਼ਨ (ਜਾਂ ਇਲੈਕਟ੍ਰਾਨਿਕ ਮੀਡੀਆ ਵਿੱਚ) ਦੇ ਸੰਪਾਦਨ ਜਾਂ ਪ੍ਰਬੰਧਨ ਵਿੱਚ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਤੇ ਜਾਂ ਸੰਚਾਲਨ ਵਿੱਚ ਹਿੱਸਾ ਨਹੀ ਲਵੇਗਾ। ਜੇਕਰ ਕਿਸੇ ਕਰਮਚਾਰੀ ਨੂੰ ਅਜਿਹਾ ਕਰਨ ਲਈ ਕਿਸੇ ਦਫਤਰ ਦੇ ਮੁੱਖੀ ਵਲੋਂ ਪ੍ਰਵਾਨਗੀ ਦਿੱਤੀ ਗਈ ਹੋਵੇ ਤਾਂ ਅਜਿਹੀ ਪ੍ਰਵਾਨਗੀ ਨੂੰ ਤੁਰੰਤ ਰੱਦ ਕੀਤਾ ਜਾਵੇ। ਜੇਕਰ ਕੋਈ ਕਰਮਚਾਰੀ ਉਪਰੋਕਤ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਜਾਵੇ ਤਾਂ ਉਸ ਦੇ ਵੇਰਵੇ ਉਸ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਲਈ ਡਾਇਰੈਕਟੋਰੇਟ ਨੂੰ ਭੇਜੇ ਜਾਵੇ।

8.11.19

ਸਹਾਇਕ ਡਾਇਰੈਕਟਰ ਕੋਆਰਡੀਨੇਸ਼ਨ

ਪਿੱਠ ਅੰਕਣ: ਉਕਤ/2019384538-43

ਮਿਤੀ: 08.11.2019

ਉਪਰੋਕਤ ਦਾ ਉਤਾਰ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।
6. ਸਮੂਹ ਅਧਿਕਾਰੀ/ਸ਼ਾਖਾ ਮੁੱਖੀ, ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ

8.11.19

ਸਹਾਇਕ ਡਾਇਰੈਕਟਰ ਕੋਆਰਡੀਨੇਸਨ